EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

**Ref No: PUSA/GEN/2023/032** **Dated: 02-01-2023**

ਸੇਵਾ ਵਿਖੇ

ਮਾਨਯੋਗ ਸ.ਭਗਵੰਤ ਸਿੰਘ ਮਾਨ ਜੀ
ਮੁੱਖ ਮੰਤਰੀ ਪੰਜਾਬ,
ਚੰਡੀਗੜ੍ਹ ।

ਵਿਸ਼ਾ: **ਸਕੂਲਾਂ ਵਿਚ ਕੀਤੀਆਂ 02-01-2023 ਤੋਂ 08-01-2023 ਤੱਕ ਦੀਆਂ ਛੁੱਟੀਆਂ ਤੇ ਮੁੜ ਵੀਚਾਰ ਕਰਨ ਸੰਬਧੀ।**

ਸ਼੍ਰੀ ਮਾਨ ਜੀਓ,

ਆਪ ਜੀ ਵੱਲੋਂ ਅਤੇ ਆਪ ਜੀ ਦੀ ਸਰਕਾਰ ਵੱਲੋਂ ਪੰਜਾਬ ਲਈ ਚੁੱਕੇ ਕ੍ਰਾਂਤੀਕਾਰੀ ਕਦਮ ਤੋਂ ਸਾਡੀ ਸੁਸਾਇਟੀ ਬਹੁਤ ਪ੍ਰਭਾਵਿਤ ਹੈ| ਇਹੋ ਜਿਹੇ ਕਦਮ ਪੰਜਾਬ ਨੂੰ ਤਰੱਕੀਆਂ ਵੱਲ ਲੈ ਕੇ ਜਾਣਗੇ ਇਸ ਵਿੱਚ ਕੋਈ ਸੰਕਾ ਨਹੀਂ ਹੈ | ਸਾਡੀ ਜਥੇਬੰਦੀ ਵੀ ਆਪ ਵਲੋਂ ਅਰੰਭੇ ਕਾਰਜ ਵਿੱਚ ਹਰ ਸਮੇਂ ਜੋਗਦਾਨ ਪਾਉਣ ਲਈ ਤੱਤਪਰ ਹੋਵੇਗੀ ਜੀ | ਅਸੀਂ ਆਪ ਜੀ ਦੇ ਸਾਹਮਣੇ ਸਕੂਲਾਂ ਦੀਆਂ ਕੀਤੀਆਂ ਛੁੱਟੀਆਂ ਦੇ ਵਿੱਚ ਵਾਧੇ ਸੰਬਧੀ ਆਪਣਾ ਪੱਖ ਰੱਖਣਾ ਚਾਹੁੰਦੇ ਹਾਂ|

1. ਇਹ ਕਿ ਪੰਜਾਬ ਸਕੂਲ ਸਿੱਖਿਆ ਬੋਰਡ, CBSE ਅਤੇ ICSE ਬੋਰਡ ਦੀਆਂ ਪ੍ਰੀਖਿਆਵਾਂ ਇਸ ਸਾਲ ਸਮੇਂ ਤੋਂ ਪਹਿਲਾਂ ਹੋਣ ਜਾ ਰਹੀਆਂ ਹਨ | ਅਗਰ ਇਹਨਾਂ ਛੁੱਟੀਆਂ ਵਿੱਚ ਵਾਧਾ ਹੁੰਦਾ ਹੈ ਤਾਂ ਬੱਚਿਆਂ ਦੀ ਰਵੀਜਨ ਦਾ ਕੰਮ ਸਿਰੇ ਨਹੀ ਚੜੇਗਾ | ਜਿਸ ਨਾਲ ਪੰਜਾਬ ਦੇ ਰਿਜਲਟ ਤੇ ਮਾੜਾ ਅਸਰ ਪਵੇਗਾ |
2. ਬੋਰਡ ਨੇ ਪ੍ਰੈਕਟੀਕਲ ਲੈਣ ਦੀਆਂ ਮਿਤੀਆਂ 1 ਜਨਵਰੀ ਤੋਂ ਨੀਅਤ ਕੀਤੀਆਂ ਹਨ, ਅਗਰ ਇਹ ਛੁੱਟੀਆਂ ਜਾਰੀ ਰਹਿੰਦੀਆਂ ਹਨ ਤਾਂ ਪ੍ਰੈਕਟੀਕਲ ਸਮੇਂ ਸਿਰ ਨਹੀਂ ਲਏ ਜਾ ਸਕਣਗੇ| ਇਸ ਨਾਲ ਗੰਭੀਰ ਸਮੱਸਿਆਵਾਂ ਸਾਹਮਣੇ ਆਉਣ ਗੀਆਂ|
3. ਕਿਉਂਕਿ ਉੱਪਰਲੀਆਂ ਕਲਾਸਾਂ ਦੇ ਬੋਰਡ ਇਮਤਿਹਾਨ ਹਨ ਇਸ ਲਈ ਓਹਨਾ ਦੇ ਪ੍ਰੀ-ਬੋਰਡ ਦੇ ਇਮਤਿਹਾਨ ਵੀ ਪਹਿਲਾਂ ਲੈਣੇ ਪੈਣਗੇ| ਪ੍ਰੰਤੂ ਇਹਨਾਂ ਛੁੱਟੀਆਂ ਦੇ ਹੋਣ ਨਾਲ ਇਸ ਪ੍ਰਕਿਰਿਆ ਵਿੱਚ ਵਿਘਨ ਪਵੇਗਾ |
4. ਕਿਉਂਕਿ ਪੰਜਾਬ ਸਰਕਾਰ ਦੁਆਰਾ ਪਹਿਲਾਂ ਹੀ ਠੰਡ ਦੇ ਮੌਸਮ ਕਾਰਨ ਸਕੂਲਾਂ ਦਾ ਸਮਾਂ 21-01-2023 ਤੱਕ ਸਵੇਰੇ 10 ਵਜੇ ਤੋਂ ਕੀਤਾ ਹੋਇਆ ਹੈ ਅਤੇ ਮੌਸਮ ਵਿੱਚ ਤਬਦੀਲੀ ਆਈ ਹੈ, ਧੁੱਪ ਸਹੀ ਨਿੱਕਲ ਰਹੀ ਹੈ ਅਤੇ ਠੰਡ ਵੀ ਬਹੁਤ ਘੱਟ ਗਈ ਹੈ | ਇਸ ਕਰਕੇ ਇਹ ਜੋ ਛੁੱਟੀਆਂ ਕੀਤੀਆਂ ਹਨ , ਵਿਦਿਆਰਥੀਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪੜ੍ਹਾਈ ਵਿੱਚ , ਪ੍ਰੈਕਟੀਕਲ ਲੈਣ ਵਿੱਚ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ ਇਹਨਾਂ ਛੁੱਟੀਆਂ ਦੇ ਆਦੇਸ਼ ਵਾਪਿਸ ਲਏ ਜਾਣ |

Regd. Office: Opp. Teachers' Home, Mahavir Dal Market, Bathinda- 151001(Punjab) INDIA
E-mail: pusapunjab@gmail.com

EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

ਉਮੀਦ ਕਰਦੇ ਹਾਂ ਕਿ ਆਪ ਜੀ ਪੰਜਾਬ ਵਿੱਚ ਵਿੱਦਿਆ ਦੇ ਪ੍ਰੋਤਸਾਹਨ ਖਾਤਰ ਇਹ ਕਦਮ ਜਰੂਰ ਚੁੱਕੋਗੇ ਜੀ , ਅਤੇ ਵਿਦਿਆਰਥੀਆਂ ਦੇ ਹਿੱਤ ਵਿੱਚ ਆਪ ਦੁਆਰਾ ਲਿਆ ਗਿਆ ਇਹ ਇੱਕ ਇਤਿਹਾਸਿਕ ਫੈਸ਼ਲਾ ਹੋਵੇਗਾ। ਸਾਡੀ ਸਕੂਲਾਂ ਅਤੇ ਵਿਦਿਆਰਥੀ ਹਿਤੈਸ਼ੀ ਸੋਸਾਇਟੀ ਆਪ ਜੀ ਦੀ ਅਭਾਰੀ ਰਹੇਗੀ। ਆਪ ਜੀ ਦੇ ਹਾਂ ਪੱਖੀ ਹੁੰਘਾਰੇ ਦੀ ਆਸ ਵਿੱਚ।

ਆਪ ਜੀ ਦੇ ਸੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪ੍ਰੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਰਨਲ ਸਕੱਤਰ ਪ੍ਰੂਸਾ ਪੰਜਾਬ